**Students has won Second time Overall Trophy in the Yuvak mela by Guru Gobind Singh Study Circle**

On dated 09 April 2025 at the Yuvak Mela, which is hosted by the Guru Gobind Singh Study Circle in Ludhiana, Khalsa College students from Anandpur Sahib once again demonstrated their excellence by taking home the overall award for the second time. Several educational institutions from Punjab participated in the event. The assessors were impressed by the students exceptional performances in poetry, debate, Gurbani, Quiz,poster making displays etc . This continuous success demonstrates the college's dedication to Sikh principles and holistic development, garnering them well-earned praise and respect.



# ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਯੁਵਕ ਮੇਲੇ ਦਾ ਸਫਲ ਆਯੋਜਨ

ਪ੍ਰਾਈਮ ਉਦੇ




ਸ੍ਰੀ ਅਨੰਦਪੁਰ ਸਾਹਿਬ 10 ਅਪ੍ਰੈਲ (ਜੋਗਿੰਦਰ ਰਾਣਾ /ਦਰਸ਼ ਰਾਣਾ )ਪਿਛਲੇ ਪੰਜ ਦਹਾਕਿਆਂ ਤੋਂ ਸਮਾਜਿਕ, ਸੱਭਿਆਚਾਰਕ, ਸਮਾਜਿਕ ਅਤੇ ਅਕਾਦਮਿਕ ਖੇਤਰ ਵਿੱਚ ਕਾਰਜਸ਼ੀਲ ਜਥੇਬੰਦੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਰੂਪਨਗਰ-ਐਸ ਬੀ ਐਸ ਨਗਰ ਜੋਨ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਵਿਖੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੇ 350ਵੇਂ ਸ਼ਹੀਦੀ ਵਰ੍ਹੇ ਨੂੰ ਸਮਰਪਿਤ ਅੰਤਰ ਕਾਲਜ ਯੁਵਕ ਮੇਲਾ ਕਰਵਾਇਆ ਗਿਆ। ਜਿਸ ਵਿੱਚ ਨੰਗਲ ,ਸ੍ਰੀ ਅਨੰਦਪੁਰ ਸਾਹਿਬ ,ਰੂਪਨਗਰ ,ਸ੍ਰੀ ਚਮਕੌਰ ਸਾਹਿਬ ,ਮੋਰਿੰਡਾ ,ਗੜ੍ਹਸ਼ੰਕਰ ਅਤੇ ਬੰਗਾ ਖੇਤਰਾਂ ਦੇ 22 ਕਾਲਜਾਂ ਦੇ 150 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ । ਸਮਾਗਮ ਦੀ ਸ਼ੁਰੂਆਤ ਮੌਕੇ ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਵੱਲੋਂ ਦੇਹ ਸਿਵਾ ਬਰ ਮੋਹਿ ਇਹੈ ਸਬਦ ਗਾਇਨ ਕੀਤਾ ਗਿਆ। ਇਸ ਉਪਰੰਤ ਸ :ਹਰਜੀਤ ਸਿੰਘ ਸਟੇਟ ਪ੍ਰਧਾਨ ਜੀ ਨੇ ਵੱਖ-ਵੱਖ ਕਾਲਜਾਂ ਤੋਂ ਆਏ ਵਿਦਿਆਰਥੀਆਂ ਅਤੇ ਸਟਾਫ਼ ਮੈਂਬਰਾਂ ਨੂੰ ਜੀ ਆਇਆਂ ਆਖਿਆ ਸ਼੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਸ਼੍ਰੀ ਅਨੰਦਪੁਰ ਸਾਹਿਬ ਦੇ ਪ੍ਰਿੰਸੀਪਲ ਡਾਕਟਰ ਜਸਵੀਰ ਸਿੰਘ ਜੀ ਨੇ ਯੁਵਕ ਮੇਲੇ ਵਿੱਚ ਸ਼ਿਰਕਤ ਕਰ ਰਹੇ ਪਤਵੰਤਿਆਂ ਅਤੇ ਵਿਦਿਆਰਥੀਆਂ ਦਾ ਨਿੱਘਾ ਸਵਾਗਤ ਕੀਤਾ ਅਤੇ ਆਰੰਭਕ ਸ਼ਬਦਾਂ ਰਾਹੀਂ ਸੰਬੋਧਨ ਕੀਤਾ। ਇਸ ਯੁਵਕ ਮੇਲੇ ਵਿੱਚ ਕਵਿਤਾ ਮੁਕਾਬਲਾ, ਭਾਸ਼ਣ ਮੁਕਾਬਲਾ ,ਸੁੰਦਰ ਦਸਤਾਰ ਮੁਕਾਬਲਾ,ਪੋਸਟਰ ਮੇਕਿੰਗ ਮੁਕਾਬਲਾ,ਗੁਰਬਾਣੀ ਕੰਠ ਮੁਕਾਬਲਾ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਵਰ੍ਹੇ ਨੂੰ ਸਮਰਪਿਤ ਗੁਰੂ ਸਾਹਿਬ ਦੇ ਜੀਵਨ ਅਤੇ ਬਾਣੀ ਤੋਂ ਮਿਲ ਰਹੀਆਂ ਪ੍ਰੇਰਨਾਵਾਂ ਸਬੰਧੀ ਪ੍ਰਸ਼ਨਤਰੀ ਮੁਕਾਬਲਾ ਕਰਵਾਇਆ ਗਿਆ। ਵੱਖ-ਵੱਖ ਮੁਕਾਬਲਿਆਂ ਦੌਰਾਨ ਸ ਰਣਜੀਤ ਸਿੰਘ ਜੀ ਐਨ ਸੀ ਸੀ ਅਫਸਰ ,ਰਿਟਾਇਰਡ ਲੈਕਚਰਾਰ ਸ੍ਰੀ ਬਲਦੇਵ ਬੈਂਸ ਜੀ ,ਰਿਟਾਇਰਡ ਲੈਕਚਰਾਰ ਸ ਸੁਰਜਨ ਸਿੰਘ ਸ:ਨਿਰਵੈਰ ਸਿੰਘ ਅਰਸ਼ੀ, ਮੈਡਮ ਕੁਲਵਿੰਦਰ ਕੌਰ ਜੀ, ਡਾਕਟਰ ਦਵਿੰਦਰ ਸੈਫੀ ਜੀ ,ਦਵਿੰਦਰ ਸਿੰਘ ਸਾਬਕਾ ਚੀਫ ਇੰਜੀਨੀਅਰ ਪੰਜਾਬ ਰਾਜ ਬਿਜਲੀ ਬੋਰਡ,ਸਿੰਘ ਸਾਹਿਬ ਗਿਆਨੀ ਹਰਜੀਤ ਸਿੰਘ ਜੀ ਸਾਬਕਾ ਪੰਜ ਪਿਆਰੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ,ਭਾਈ ਹਰਪ੍ਰੀਤ ਸਿੰਘ ਕਥਾ ਵਾਚਕ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ,ਦਲਜੀਤ ਸਿੰਘ ਸਜਮੋਰ, ਪ੍ਰਿਤਪਾਲ ਸਿੰਘ,ਸ ਗੁਰਪ੍ਰੀਤ ਸਿੰਘ ਨੰਗਲ,ਸਾਬਕਾ ਡਰਾਇੰਗ ਮਾਸਟਰ ਰਵਿੰਦਰ ਸਿੰਘ, ਭਾਈ ਨੰਦ ਲਾਲ ਪਬਲਿਕ ਸਕੂਲ ਡਰਾਇੰਗ ਅਧਿਆਪਕ ਸ ਸਰਬਜੀਤ ਸਿੰਘ,ਰਿਟਾਇਰਡ ਕੈਪਟਨ ਦਲਜੀਤ ਸਿੰਘ,ਸ ਜਸਕੀਰਤ ਸਿੰਘ, ਪ੍ਰਧਾਨ ਵਿਦਿਆਰਥੀ ਕੌਂਸਲ ਅਤੇ ਮੈਡਮ ਦਲਜੀਤ ਕੌਰ ਝੱਲੀਆਂ ਨੇ ਬਾਖੂਬੀ ਨਿਭਾਈ ਰਜਿਸਟਰੇਸ਼ਨ ਅਤੇ ਰਿਜ਼ਲਟ ਤਿਆਰ ਕਰਨ ਦਾ ਸਮੁੱਚਾ ਕਾਰਜ ਜਥੇਬੰਦਕ ਸਕੱਤਰ ਰਵਿੰਦਰ ਸਿੰਘ, ਸ ਗੁਰਸੰਤ ਸਿੰਘ ਅਤੇ ਖ਼ਾਲਸਾ ਕਾਲਜ ਦੇ ਸਟਾਫ ਮੈਡਮ ਗੁਰਲੀਨ ਸੈਣੀ, ਮੈਡਮ ਤਨਵੀਰ ਕੌਰ ਅਤੇ ਡਾ ਸੁਖਵਿੰਦਰ ਕੌਰ ਜੀ ਨੇ ਨਿਭਾਇਆ ਸਟੇਜ ਸੰਚਾਲਨ ਸ. ਬਿਕਰਮਜੀਤ ਸਿੰਘ ਅਤੇ ਸ. ਸ਼ਮਸ਼ੇਰ ਸਿੰਘ ਕੌਂਟਲਾ, ਵਧੀਕ ਸਕੱਤਰ ਜੀ ਵੱਲੋਂ ਕੀਤਾ ਗਿਆ। ਸ.ਮਨਦੀਪ ਸਿੰਘ, ਜੰਨਲ ਸਕੱਤਰ ਵੱਲੋ ਸਮੁੱਚੇ ਪ੍ਰਬੰਧਾਂ ਲਈ ਵਿਸ਼ੇਸ਼ ਯੋਗਦਾਨ ਪਾਇਆ ਗਿਆ। ਜੇਤੂ ਵਿਦਿਆਰਥੀਆਂ ਨੂੰ ਇਨਾਮ ਵਜੋਂ ਮਮੈਂਟੋ ਅਤੇ ਸਾਰੇ ਪ੍ਰਤੀਯੋਗੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਸਾਰੇ ਮੁਕਾਬਲਿਆਂ ਵਿੱਚ ਵੱਧ ਪੁਜੀਸ਼ਨਾਂ ਹਾਸਲ ਕਰਨ ਵਾਲੇ ਕਾਲਜ ਨੂੰ ਚਲੰਤ ਟਰਾਫੀ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ,ਪਿਛਲੀ ਵਾਰ ਦੀ ਤਰ੍ਹਾਂ ਇਸ ਵਾਰ ਵੀ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਵੱਲੋ ਇਸ ਚਲੰਤ ਟਰਾਫੀ ਤੇ ਕਬਜ਼ਾ ਕਾਇਮ ਰੱਖਿਆ ਗਿਆ। ਸਮੁੱਚੇ ਸਮਾਗਮ ਨੂੰ ਸਫਲਤਾਪੂਰਵਕ ਨੇਪਰੇ ਚੜ੍ਹਾਉਣ ਲਈ ਡਾਕਟਰ ਪਰਮਜੀਤ ਕੌਰ, ਸ ਹਰਪ੍ਰੀਤ ਸਿੰਘ ਗੰਗੂਵਾਲ, ਸ ਭਗਵੰਤ ਸਿੰਘ ਗੰਗੂਵਾਲ, ਕੈਪਟਨ ਗੁਰਪ੍ਰੀਤਮ ਸਿੰਘ, ਇੰਦਰਜੀਤ ਸਿੰਘ,ਭੂਪਿੰਦਰ ਸਿੰਘ ਰੋਪੜ, ਸਰਵਨ ਸਿੰਘ, ਪ੍ਰਿਤਪਾਲ ਸਿੰਘ ਰੋਪੜ,ਸੁਰਿੰਦਰ ਪਾਲ ਸਿੰਘ ਰੋਪੜ,ਗੁਰਦੀਪ ਸਿੰਘ ਰੋਪੜ, ਭੁਪਿੰਦਰ ਸਿੰਘ ਰੋਪੜ ਸਤਨਾਮ ਸਿੰਘ ਮੋਰਿੰਡਾ ,ਹਰਮੋਹਿੰਦਰ ਸਿੰਘ ਨੰਗਲ, ਸਤਿੰਦਰਪਾਲ ਕੌਰ ਨੰਗਲ,ਯਸਕਰਨ ਸਿੰਘ ਨੰਗਲ, ਰਣਜੀਤ ਸਿੰਘ ਘਨੌਲਾ, ਮਨਪ੍ਰੀਤ ਸਿੰਘ ਅਰਸ਼ੀ, ਬੀਬੀ ਮਲਕੀਅਤ ਕੌਰ ਮਾਹਲ ,ਮਹਿੰਦਰ ਮੋਹਨ ਸਿੰਘ,ਕਰਨੈਲ ਸਿੰਘ ਨੰਗਲ, ਆਦਿ ਨੇ ਵਿਸ਼ੇਸ਼ ਯੋਗਦਾਨ ਪਾਇਆ ।